# ਗੱਲਾਂ ਦਾ ਕੜਾਹ

ਬਰਹਾਮਪੁਰ ਦੇ ਇਕ ਸਕੂਲ ਵਿਚ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਹਿੰਦੁਸਤਾਨ ਦੇ ਸਦਰ ਅਬਦੁਲ ਕਲਾਮ ਨੇ ਕਿਹਾ ਹੈ ਕਿ ਸੰਨ 2020 ਤੱਕ ਹਿੰਦੁਸਤਾਨ ਵਿਚੋਂ ਗਰੀਬੀ ਬਿਲਕੁਲ ਹੀ ਖ਼ਤਮ ਹੋ ਜਾਵੇਗੀ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦਾ ਝੂਠ-ਫਰੇਬ ਦੁਹਰਾਉਂਦੇ ਹੋਏ ਉਹਨੇ ਕਿਹਾ ਕਿ 1995 ਵਿਚ ਹਿੰਦੁਸਤਾਨ ਦੇ 50ਫੀ ਸਦੀ ਦੇ ਕਰੀਬ ਲੋਕ ਗਰੀਬੀ ਵਿਚ ਰਹਿੰਦੇ ਸਨ ਪਰ ਹੁਣ ਸਿਰਫ 22 ਫੀ ਸਦੀ ਲੋਕ ਹੀ ਗਰੀਬ ਰਹਿ ਗਏ ਹਨ, ਅਤੇ 2020 ਤੱਕ ਉਹ ਵੀ ਗਰੀਬ ਨਹੀਂ ਰਹਿਣਗੇ। ਵਾਹ! ਅਬਦੁਲ ਕਲਾਮ ਜੀ ਇਹਨੂੰ ਕਹਿੰਦੇ ਹਨ `ਗੱਲਾਂ ਦਾ ਕੜਾਹ ਬਣਾਉਣਾ ਤੇ ਘਿਉ ਚੋਖਾ ਪਾਉਣਾ!`

ਪਰ ਇਹ ਕੋਈ ਨਵੀਂ ਗੱਲ ਨਹੀਂ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦਾ ਰਾਜ ਤੰਤ੍ਰ, ਅਤੇ ਉਨ੍ਹਾਂ ਦੀ ਸਰਕਾਰ ਦੇ ਨੁਮਾਇੰਦੇ ਸਦਾ ਹੀ ਲੋਕਾਂ ਨੂੰ ਗੱਲਾਂ ਦਾ ਕੜਾਹ ਹੀ ਖੁਆਉਂਦੇ ਆਏ ਹਨ। ਇਸ ਵੇਲੇ, ਜਦ ਕਿ ਪੂਰੇ ਮੁਲਕ ਵਿਚ ਲੋਕ ਮਹਿੰਗਾਈ ਖ਼ਿਲਾਫ਼ ਘੋਲ ਚਲਾ ਰਹੇ ਹਨ ਤੇ ਰੋਜ਼ ਵਰਤਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ, ਸਦਰ ਕਲਾਮ ਲੋਕਾਂ ਨੂੰ ਕਹਿ ਰਿਹਾ ਹੈ ਕਿ ਗਰੀਬੀ ਹੁਣ ਬਹੁਤ ਘੱਟ ਗਈ ਹੈ ਅਤੇ ਅਗਲੇ ਦਸ ਬਾਰਾਂ ਸਾਲਾਂ ਵਿਚ ਇਹ ਵੀ ਨਹੀਂ ਰਹਿਣੀ। ਸਦਰ ਕਲਾਮ ਅਤੇ ਹਿੰਦੁਸਤਾਨੀ ਰਾਜ ਤੰਤ੍ਰ ਦੇ ਹੋਰ ਨੁਮਾਇੰਦੇ ਕਦੇ ਇਹ ਕਿਉਂ ਨਹੀਂ ਦਸਦੇ ਬਈ ਉਹ ਕਿਹੜੇ ਲੋਕ ਹਨ ਜੋ ਹੁਣ ਗਰੀਬ ਨਹੀਂ ਰਹੇ? ਸਾਰੇ ਤੱਥ ਤਾਂ ਇਹੋ ਦਸਦੇ ਹਨ ਕਿ ਹਿੰਦੁਸਤਾਨ ਵਿਚ ਅਮੀਰ ਹੋਰ ਅਮੀਰ ਹੋਏ ਹਨ ਅਤੇ ਗਰੀਬ ਹੋਰ ਗਰੀਬ ਹੋਏ ਹਨ। ਨਾਅਰੇ ਭਾਵੇਂ ਸੋਸ਼ਲਿਜ਼ਮ ਦੇ ਲਗਦੇ ਰਹੇ ਹੋਣ ਜਾਂ ਗਰੀਬੀ ਹਟਾਉ ਦੇ ਲਗਦੇ ਰਹੇ ਹੋਣ, ਅਤੇ ਜਾਂ ਲਿਸ਼ਕਦਾ ਹਿੰਦੁਸਤਾਨ ਦੇ, ਪਰ ਲੋਕਾਂ ਲਈ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਪਰ ਇਸ ਸਾਰੀ ਹਕੀਕਤ ਦੇ ਉਲਟ ਜਾਂਦੇ ਹੋਏ ਹਾਕਮ ਜਮਾਤਾਂ ਦੇ ਨੁਮਾਇੰਦੇ ਹਰ ਤਰਾਂ ਦੇ ਫ਼ਰਜ਼ੀ ਅੰਕੜੇ ਘੜਦੇ ਰਹਿੰਦੇ ਹਨ ਅਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਨਸ਼ਰ ਕਰਦੇ ਰਹਿੰਦੇ ਹਨ। ਸਮੇਂ ਸਮੇਂ ਤੇ ਇਹ ਐਹੋ ਜਿਹੇ ਐਲਾਨ ਜ਼ਰੂਰ ਕਰਦੇ ਰਹਿੰਦੇ ਹਨ ਕਿ ਹਾਕਮ ਜਮਾਤਾਂ ਤਾਂ ਲੋਕਾਂ ਦੀ ਭਲਾਈ ਲਈ ਬਹੁਤ ਫ਼ਿਕਰਮੰਦ ਹਨ। ਜਿਵੇਂ ਕਿ ਇਨ੍ਹਾਂ ਦਾ ਰਾਜ ਤਾਂ ਸਿਰਫ ਲੋਕ ਦੇ ਮਸਲੇ ਹੱਲ ਕਰਨ ਲਈ ਹੀ ਹੈ ਹੋਰ ਇਹਨੂੰ ਕੰਮ ਈ ਕੋਈ ਨਹੀਂ!

ਹਿੰਦੁਸਤਾਨ ਦੇ ਲੋਕ ਇਸ ਹਕੀਕਤ ਦੇ ਜਾਣੂ ਤਾਂ ਹਨ ਪਰ ਉਨ੍ਹਾਂ ਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ ਜਿਸ ਨਾਲ ਉਹ ਇਨ੍ਹਾਂ ਹਾਕਮ ਜਮਾਤਾਂ ਦੇ ਰਾਜ ਅਤੇ ਰਾਜ ਤੰਤ੍ਰ ਤੋਂ ਆਪਣਾ ਖਹਿੜਾ ਛੁੜਾ ਸਕਣ। ਜਿਸ ਸਿਆਸੀ ਪਾਰਟੀ ਤੇ ਉਨ੍ਹਾਂ ਨੇ ਯਕੀਨ ਕੀਤਾ ਹੈ ਉਸੇ ਨੇ ਹੀ ਉਨ੍ਹਾਂ ਨੂੰ ਧੋਖਾ ਦਿਤਾ ਹੈ। ਬੰਗਾਲ ਵਿਚ ਸੀ.ਪੀ.ਆਈ (ਐਮ) ਦਾ 30 ਸਾਲਾਂ ਦਾ ਰਾਜ ਵੀ ਇਸ ਦੀ ਹੀ ਇਕ ਮਿਸਾਲ ਹੈ। ਇਸੇ ਤਰ੍ਹਾਂ ਕੇਂਦਰ ਵਿਚ ਲੋਕਾਂ ਨੇ ਕਈ ਤਰਾਂ ਦੇ ਗਠਜੋੜਾਂ ਨੂੰ ਵੋਟਾਂ ਪਾਈਆਂ ਹਨ ਪਰ ਜਿਹੜੀ ਵੀ ਸਰਕਾਰ ਆਉਂਦੀ ਹੈ ਲੁਟੇਰਿਆਂ ਦੇ ਹੀ ਹਿਤ ਪੂਰਦੀ ਹੈ ਤੇ ਲੋਕਾਂ ਦੇ ਮਸਲਿਆਂ ਵੱਲ ਕੋਈ ਧਿਆਨ ਨਹੀਂ ਦਿੰਦੀ। ਹਾਂ, ਸਦਰ ਕਲਾਮ ਵਾਂਗ ਕਦੇ ਕਦੇ ਗੱਲਾਂ ਦਾ ਕੜਾਹ ਜ਼ਰੂਰ ਪੱਕਦਾ ਰਹਿੰਦਾ ਹੈ। ਅੰਗ੍ਰੇਜ਼ ਦੇ ਜਾਣ ਦੇ ਸਮੇਂ ਜਿਹੜੇ ਵੀ ਮਸਲੇ ਮੌਜੂਦ ਸਨ ਉਹ ਸਭ ਉਵੇਂ ਹੀ ਕਾਇਮ ਹਨ। ਲੋਕਾਂ ਦੇ ਕਿਸੇ ਵੀ ਮਸਲੇ ਦਾ ਕੋਈ ਹੱਲ ਨਹੀਂ ਹੋਇਆ ਹੈ। ਗਰੀਬੀ, ਰੁਜ਼ਗਾਰ, ਜ਼ਾਤ ਪਾਤ ਦਾ ਮਸਲਾ, ਕੌਮਾਂ ਅਤੇ ਕੌਮੀਅਤਾਂ ਦੇ ਹੱਕਾਂ ਵਗੈਰਾ, ਕਿਸੇ ਵੀ ਮਸਲੇ ਦਾ ਹੱਲ ਨਹੀਂ ਹੋਇਆ। ਹਾਂ, ਹਰ ਸਰਕਾਰ ਵਾਅਦੇ ਕਰਦੀ ਰਹਿੰਦੀ ਹੈ।

ਹਿੰਦੁਸਤਾਨ ਦੇ ਲੋਕ ਇਸ ਵੇਲੇ ਇਕ ਨਵਾਂ ਰਾਹ ਅਤੇ ਇਕ ਨਵੀਂ ਸਿਆਸੀ ਪ੍ਰਣਾਲੀ ਇਜਾਦ ਕਰਨ ਦੀ ਭਾਲ ਵਿਚ ਹਨ। ਗੋਸ਼ਟੀਆਂ, ਰੈਲੀਆਂ ਅਤੇ ਮੁਜ਼ਾਹਰਿਆਂ ਵਿਚ ਇਹ ਗੱਲਾਂ ਆਮ ਚਰਚਾ ਦਾ ਵਿਸ਼ਾ ਹਨ ਕਿ ਲੋਕ ਆਪਣੇ ਹਿਤਾਂ ਦੀ ਰੱਖਿਆ ਕਿਸ ਤਰ੍ਹਾਂ ਕਰ ਸਕਦੇ ਹਨ ਅਤੇ ਆਪਣੀ ਜ਼ਿੰਦਗੀ ਨਾਲ ਸਬੰਧ ਰੱਖਣ ਵਾਲੇ ਫੈਸਲੇ ਆਪ ਕਿਸ ਤਰ੍ਹਾਂ ਕਰਨ ਦੇ ਸਮਰੱਥ ਹੋ ਸਕਦੇ ਤਾਂ ਕਿ ਉਨ੍ਹਾਂ ਦੇ ਮਸਲੇ ਹੱਲ ਹੋਣ ਤੇ ਹੋਰ ਨਾ ਵੱਧਣ ਜਿਸ ਤਰਾਂ ਪਿਛਲੇ 60 ਸਾਲਾਂ ਤੋਂ ਹੁੰਦਾ ਆਇਆ ਹੈ।

ਇਕ ਨਵੀਂ ਸਿਆਸੀ ਪ੍ਰਣਾਲੀ ਅਤੇ ਲੋਕਾਂ ਦਾ ਤਾਕਤ ਵਿਚ ਆਉਣ ਦਾ ਮਸਲਾ ਇਕ ਤਾਰੀਖੀ ਮਸਲਾ ਹੈ ਜਿਹੜਾ ਹੁਣ ਹੱਲ ਭਾਲਦਾ ਹੈ।